Volume 7 Issue 17

# KHALSA PRIMARY SCHOOL

Headteacher: Ms P. K. Sehmi

## Week beginning: 18 January 2016

### Guru Gobind Singh Ji's Prakash Utsav



We are pleased to inform you that we will be celebrating Guru Gobind Singh Ji's Prakash Utsav on the afternoon of **Friday 22nd January**. Please see details below of the programme of the day:

| | |
|---|---|
| 1.30pm – 2.00pm | Kirtan by Kirtani Jatha |
| 2.00pm – 2.05pm | Welcome and Introduction |
| 2.05pm – 2.45pm | - Instrumental Kirtan<br>- Whole School Shabads reminding us of Guru Gobind Singh Ji<br>- Poetry by pupils from Nursery, Years 2 & 5 |
| 2.45pm – 3.00pm | Anand Sahib, Ardas & Hukamnama |

Parents can collect their children as normal and take them over to the Mael Gael Hall for **Guru Ka Langar.** Please ensure you join us.

Please make every effort to join our Gurpurab celebration.

**It is a non-uniform day and the colour theme is orange!**

Please note that there will be a special lunch for children. The menu is displayed above the Harrisons payment boxes.

### Collecting children & Authorisation

Please note that we cannot accept last minute phone calls to authorise collection of your child to any individual who does not appear on the collection list. **We will not send your child home with anyone who has not been authorised.**

### Parking

Please park with respect and keep the safety of everyone, including our neighbours, in mind at all times. Please **DO NOT** park:



- in front of driveways,
- in front of school car gates
- in the private property of Elm View Court,
- on double yellow lines, or
- zigzag markings outside the school.

**This area is being monitored by the police.**

### Sukhmani Sahib Paath

As requested by parents, there will be Sukhmani Sahib Paath on Fridays in the Darbar hall at 2.00pm starting from 29th January 2016. We hope that you will make every effort to join us.

### Parent Governor Elections

We would like to thank parents for participating in the parent governor elections to elect 2 new parent governors. We are pleased to inform you that the following two parents were successful

- **Pardeep S Sanghera** (parent of Amanvir in Year 6 & Avneet Sanghera in Year 3)
- **Raman Kaur** (parent of Jodh Sidhu in Reception).

### Thought of the week

**"Your talent is God's gift to you. What you do with it is your gift back to God.**

### ATTENDANCE

Well done to **Guru Har Krishan Sahib Ji's Class** for achieving best attendance for week ending **15/01/2016.**

### Dates for your diary

| Date | Event |
|---|---|
| **Friday 22nd January** | ***Special* Assembly**<br>**- Guru Gobind Singh Ji's Prakash Utsav celebrations** |
| Wednesday 27th January | Coffee Morning |
| Week beginning 1st February | Book Fair |
| Friday 5th February | Year 3 - Guru Ram Das Ji (Mrs Kaur) Class Assembly |
| Friday 12th February | Year 3 - Guru Amar Das Ji (Miss Kerr) Class Assembly |
| Monday 15 February 2016 – Friday 19 February | Half -Term break |

Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੭, ਇਸ਼ੂ ੧੭

## ਹਫ਼ਤੇ ਦਾ ਅਰੰਭ: ੧੮ ਜਨਵਰੀ ੨੦੧੬



### ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ

ਸਾਨੂੰ ਆਪ ਜੀ ਨੂੰ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ ਸ਼ੁਕਰਵਾਰ ੨੨ ਜਨਵਰੀ ਦੀ ਦੁਪਿਹਰ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਵਾਂਗੇ। ਜਿਵੇਂ ਕਿ ਕਾਫੀ ਸਵੇਰ ਵਿਚ ਮਾਪਿਆਂ ਨੇ ਸਲਾਹ ਦਿੱਤੀ ਸੀ, ਸਮਾਗਮ ਦੁਪਿਹਰ ਨੂੰ ਹੋਵੇਗਾ।

ਕਿਰਪਾ ਕਰਕੇ ਇਸ ਦਿਨ ਦੇ ਸਮਾਗਮ ਦਾ ਵੇਰਵਾ ਹੇਠਾਂ ਵੇਖਣਾ ਜੀ:

੧.੩੦ - ੨.੦੦ ਦੁਪਿਹਰ ਕੀਰਤਨੀ ਜਥੇ ਵਲੋਂ ਕੀਰਤਨ
੨.੦੦ - ੨.੦੫ ਦੁਪਿਹਰ ਸਵਾਗਤ ਅਤੇ ਅਰੰਭ
੨.੦੫ - ੨.੪੫ ਦੁਪਿਹਰ ਸਾਝਾਂ ਰਾਹੀਂ ਕੀਰਤਨ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਦਿਆਂ ਸਾਰੇ ਸਕੂਲ ਵਲੋਂ ਸਬਦ ਗਾਇਣ -ਨਰਸਰੀ, ਦੂਜੀ ਅਤੇ ਪੰਜਵੀਂ ਜਮਾਤਾਂ ਵਲੋਂ ਕਵਿਤਾਵਾਂ
੨.੪੫ - ੩.੦੦ ਦੁਪਿਹਰ ਅਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮਾ

ਮਾਪੇ ਆਮ ਵਾਂਗ ਬੱਚਿਆਂ ਨੂੰ ਲਿਜਾ ਸਕਦੇ ਹਨ ਅਤੇ ਫਿਰ ਮੇਲ ਗੇਲ ਹਾਲ ਵਿਚ ਗੁਰੂ ਕਾ ਲੰਗਰ ਛਕਣ ਲਈ ਬੇਨਤੀ ਹੈ ਜੀ। ਕਿਰਪਾ ਕਰਕੇ ਆਪਣੀ ਹਾਜ਼ਰੀ ਯਕੀਨੀ ਬਣਾਓਣਾ ਜੀ।

ਗੁਰਪੁਰਬ ਦੇ ਸਮਾਗਮਾਂ ਵਿਚ ਕਿਰਪਾ ਕਰਕੇ ਆਪਣੀ ਹਾਜ਼ਰੀ ਯਕੀਨੀ ਬਣਾਓਣਾ ਜੀ।

**ਇਹ ਬਿਨਾਂ ਵਰਦੀ ਦਾ ਦਿਨ ਹੈ ਅਤੇ ਇਸ ਸਮਾਗਮ ਦਾ ਮੁੱਖ ਰੰਗ ਕੇਸਰੀ ਹੈ।**

ਕਿਰਪਾ ਕਰਕੇ ਨੋਟ ਕਰਨਾ ਕਿ ਇਸ ਦਿਨ ਬੱਚਿਆਂ ਲਈ ਵਿਸ਼ੇਸ਼ ਭੋਜਨ ਹੋਵੇਗਾ। ਹੈਰੀਸਨ ਦੇ ਜਾਣਕਾਰੀ ਵਾਲੇ ਬੋਰਡ ਦੇ ਉੱਪਰ ਮੀਨੂ ਲਗਿਆ ਹੈ ਜੀ।

### ਬੱਚਿਆਂ ਨੂੰ ਲਿਜਾਣ ਦਾ ਅਧਿਕਾਰ

ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਐਨ ਮੌਕੇ ਤੇ ਆਈ ਫੋਨ ਕਾਲ ਦੇ ਆਧਾਰ ਤੇ ਨਹੀਂ ਭੇਜ ਸਕਦੇ ਜਿਸ ਦਾ ਨਾਮ ਪਹਿਲਾਂ ਤੋਂ ਬੱਚੇ ਨੂੰ ਲਿਜਾਣ ਦੇ ਅਧਿਕਾਰ ਵਾਲੀ ਸੂਚੀ ਵਿਚ ਨਹੀਂ ਹੈ। **ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਘਰ ਨਹੀਂ ਭੇਜਾਂਗੇ ਜਿਸ ਨੂੰ ਬੱਚੇ ਨੂੰ ਲਿਜਾਣ ਦਾ ਅਧਿਕਾਰ ਨਹੀਂ ਹੈ।**

### ਪਾਰਕਿੰਗ

ਕਿਰਪਾ ਕਰਕੇ ਗੱਡੀਆਂ ਪਾਰਕ ਕਰਦੇ ਸਮੇਂ ਹਰ ਵਕਤ ਸਭ ਦੀ ਸੁਰਖਿਆ, ਖ਼ਾਸ ਤੌਰ ਤੇ ਗੁਆਂਢੀਆਂ ਦਾ ਪੂਰਾ ਖ਼ਿਆਲ ਰਖਣਾ ਜੀ। ਕਿਰਪਾ ਕਰਕੇ ਹੇਠ ਲਿਖੇ ਥਾਵਾਂ ਤੇ ਪਾਰਕਿੰਗ **ਨਾ ਕਰਨਾ** ਜੀ:

- ਡਰਾਈਵ ਵੇ ਦੇ ਸਾਹਮਣੇ
- ਸਕੂਲ ਦੇ ਕਾਰਾਂ ਵਾਲੇ ਗੇਟ ਦੇ ਸਾਹਮਣੇ
- ਐਲਮ ਵਿਊ ਕੋਰਟ ਦੀ ਨਿੱਜੀ ਜਾਇਦਾਦ ਵਿਚ
- ਦੂਹਰੀ ਪੀਲੀ ਲਕੀਰ ਉੱਪਰ ਜਾਂ
- ਸਕੂਲ ਦੇ ਬਾਹਰ ਲੱਗੀ ਜ਼ਿਗ-ਜ਼ੈਗ ਮਾਰਕਿੰਗ ਉਪਰ



ਇਹ ਇਲਾਕਾ ਪੁਲਿਸ ਦੀ ਨਿਗਰਾਨੀ ਹੇਠ ਹੈ।

### ਸੁਖਮਨੀ ਸਾਹਿਬ ਦਾ ਪਾਠ

ਜਿਵੇਂ ਕਿ ਮਾਪਿਆਂ ਨੇ ਬੇਨਤੀ ਕੀਤੀ ਸੀ, ਸਕੂਲ ਦੇ ਦਰਬਾਰ ਹਾਲ ਵਿਖੇ ਸ਼ੁਕਰਵਾਰ ੨੯ ਜਨਵਰੀ ਤੋਂ ਸ਼ੁਰੂ ਕਰਕੇ ਦੁਪਿਹਰ ੨ ਵਜੇ ਤੋਂ ਅਰੰਭ ਕਰਕੇ ਹਰ ਸ਼ੁਕਰਵਾਰ ਸੁਖਮਨੀ ਸਾਹਿਬ ਦਾ ਪਾਠ ਹੋਇਆ ਕਰੇਗਾ। ਅਸੀਂ ਉਮੀਦ ਕਰਦੇ ਹਾਂ ਕਿ ਆਪ ਜੀ ਸਾਡੇ ਨਾਲ ਜ਼ਰੂਰ ਸ਼ਾਮਿਲ ਹੋਵੋਗੇ।

### ਮਾਪੇ ਗਵਰਨਰ ਚੋਣਾਂ

ਦੋ ਨਵੇਂ ਮਾਪੇ ਗਵਰਨਰ ਚੁਣਨ ਲਈ ਹੋਈਆਂ ਚੋਣਾਂ ਵਿਚ ਭਾਗ ਲੈਣ ਵਾਲੇ ਮਾਪਿਆਂ ਦਾ ਧਨਵਾਦ ਹੈ। ਸਾਨੂੰ ਇਹ ਦਸਦਿਆਂ ਖੁਸ਼ੀ ਹੋ ਰਹੀ ਹੈ ਕਿ ਹੇਠ ਲਿਖੇ ਦੋ ਮਾਪੇ ਸਫ਼ਲ ਹੋਏ ਹਨ

- **ਪਰਦੀਪ ਸਿੰਘ ਸੰਘੇੜਾ** (ਛੇਵੀਂ ਜਮਾਤ ਦੇ ਅਮਨਵੀਰ ਅਤੇ ਤੀਜੀ ਜਮਾਤ ਦੀ ਅਵਨੀਤ ਦੇ ਪਿਤਾ ਜੀ)
- **ਰਮਨ ਕੌਰ** (ਰਿਸੈਪਸ਼ਨ ਦੇ ਜੋਧ ਸਿੰਘ ਦੇ ਮਾਤਾ ਜੀ)

### ਇਸ ਹਫ਼ਤੇ ਦਾ ਵਿਚਾਰ

**"ਤੁਹਾਡਾ ਹੁਨਰ ਪਰਮਾਤਮਾ ਦੀ ਤੁਹਾਨੂੰ ਦੇਣ ਹੈ। ਤੁਸੀਂ ਇਸ ਰਾਹੀਂ ਕੀ ਸਿਰਜਦੇ ਹੋ, ਇਹ ਤੁਹਾਡਾ ਪਰਮਾਤਮਾ ਵੱਲ ਵਾਪਸੀ ਤੁਹਫ਼ਾ ਹੈ।"**

### ਹਾਜ਼ਰੀ

੧੫/੦੧/੨੦੧੬ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਹਰ ਕਰਿਸ਼ਨ ਜੀ ਜਮਾਤ** ਨੂੰ ਸ਼ਾਬਾਸ਼ ਹੈ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| **ਸ਼ੁਕਰਵਾਰ ੨੨ ਜਨਵਰੀ** | **ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਸੰਬੰਧੀ ਸਮਾਗਮ** |
| ਬੁੱਧਵਾਰ ੨੭ ਜਨਵਰੀ | ਕਾਫੀ ਸਵੇਰ |
| ੧ ਫਰਵਰੀ ਤੋਂ ਅਰੰਭ ਹੁੰਦਾ ਹਫ਼ਤਾ | ਪੁਸਤਕ ਮੇਲਾ |
| ਸ਼ੁਕਰਵਾਰ ੫ ਫਰਵਰੀ | ਤੀਜੀ ਜਮਾਤ-ਗੁਰੂ ਰਾਮ ਦਾਸ ਜੀ (ਮਿਸਿਜ਼ ਕੌਰ) ਜਮਾਤੀ ਸਭਾ |
| ਸ਼ੁਕਰਵਾਰ ੧੨ ਫਰਵਰੀ | ਤੀਜੀ ਜਮਾਤ-ਗੁਰੂ ਅਮਰ ਦਾਸ ਜੀ (ਮਿਸ ਕੌਰ) ਜਮਾਤੀ ਸਭਾ |
| ਸੋਮਵਾਰ ੧੫ ਫਰਵਰੀ ੨੦੧੬-ਸ਼ੁਕਰਵਾਰ ੧੯ ਫਰਵਰੀ ੨੦੧੬ | ਹਾਫ ਟਰਮ ਦੀਆਂ ਛੁੱਟੀਆਂ |

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk